# ਸਾਹਿਤ ਅਤੇ ਸਮਾਜ

ਸਾਹਿਤ ਅਤੇ ਸਮਾਜ ਦੇ ਆਪਸੀ ਰਿਸ਼ਤੇ ਬਾਰੇ ਪੜ੍ਹਨ ਤੋਂ ਪਹਿਲਾ ਇਹ ਜਾਣਨਾ ਜ਼ਰੂਰੀ ਹੈ ਕਿ ਸਾਹਿਤ ਕੀ ਹੈ? ਇਸਦਾ ਕੀ ਅਰਥ ਹੈ ਅਤੇ ਕੀ ਮਹੱਤਤਾ ਹੈ। ਸਾਹਿਤ ਨੂੰ ਸਹੀ ਅਰਥਾਂ ਵਿਚ ਸਪਸ਼ਟ ਕਰਕੇ ਹੀ ਅਸੀਂ ਸਾਹਿਤ ਅਤੇ ਸਮਾਜ ਦੇ ਰਿਸ਼ਤੇ ਨੂੰ ਸਮਝ ਸਕਦੇ ਹਾਂ।

ਸਾਹਿਤ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਸਾ + ਹਿੱਤ ਤੋਂ ਉਪਜਿਆ ਹੈ। ਸਾ ਤੋਂ ਭਾਵ ਸਹਿਰਆ ਨਾਲ ਅਤੇ ਹਿੱਤ ਤੋਂ ਭਾਵ ਪਿਆਰ, ਸਰੋਕਾਰ ਹੈ। ਸੋ ਇਹਨਾਂ ਭਾਵਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਾਹਿਤ ਉਹ ਕਲਾ ਹੈ ਜੋ ਸਾਨੂੰ ਸਹਿਰਆ ਨਾਲ ਪਿਆਰ ਕਰਨ ਦਾ ਉਪਦੇਸ਼ ਦਿੰਦੀ ਹੈ। ਭਾਰਤੀ ਸਾਹਿਤ ਚਿੰਤਕਾਂ ਦੇ ਅਨੁਸਾਰ,

> "ਸਾਹਿਤ ਸਤਿਅਮ, ਸ਼ਿਵਮ, ਸੁੰਦਰਮ ਹੈ ਭਾਵ ਸਾਹਿਤ ਵਿਚ ਸੱਤ ਹੁੰਦਾ ਹੈ, ਇਹ ਕਲਿਆਣਕਾਰੀ ਅਤੇ ਸੁੰਦਰ ਹੁੰਦਾ ਹੈ।"

ਸਾਹਿਤ ਇਕ ਕਲਾ ਹੈ। ਕਲਾ ਸੁੰਦਰ ਰਚਨਾ ਨੂੰ ਆਖਿਆ ਜਾਂਦਾ ਹੈ। ਇਸ ਲਈ ਸਾਹਿਤ ਮਨੁੱਖੀ ਭਾਵਾਂ, ਵਿਚਾਰਾਂ ਤੇ ਅਨੁਭਵਾਂ ਨੂੰ ਸੁੰਦਰ ਤਰੀਕੇ ਨਾਲ ਪ੍ਰਗਟਾਉਣ ਦੀ ਇਕ ਕਲਾਤਮਕ ਜੁਗਤ ਹੈ। ਸਾਹਿਤਕ ਪੱਖ ਤੋਂ ਕੀਤੀ ਗਈ ਸਾਹਿਤਕਾਰੀ ਮਨੁੱਖੀ ਸਮਾਜਿਕ ਜੀਵਨ ਦਾ ਸੁਹਜਮਈ ਕਲਾਤਮਕ ਬਿੰਬ ਹੈ। ਸਤਿਅਮ, ਸ਼ਿਵਮ, ਸੁੰਦਰਮ ਗੁਣ ਕਰਨ ਹੀ ਸਾਹਿਤ ਪੜ੍ਹਨ/ਸੁਣਨ/ਵੇਖਣ ਵਾਲੇ ਨੂੰ ਵਿਸਮਾਦਤ ਕਰਦਾ ਹੈ।

ਅਰਸਤੂ ਦਾ ਕਥਨ ਹੈ ਕਿ,

> "ਸਾਹਿਤ ਜਥਾਰਥ ਦੀ ਪੁਨਰ ਸਿਰਜਣਾ ਹੈ।"

ਸਾਹਿਤਕਾਰ ਸਮਾਜ ਵਿਚੋਂ ਰਚਨਾਤਮਕ ਵਸਤੂ ਗ੍ਰਹਿਣ

ਕਰਕੇ ਉਸਨੂੰ ਉਸੇ ਰੂਪ ਵਿੱਚ ਨਹੀਂ, ਬਲਕਿ ਇਕ ਵਿਸ਼ੇਸ਼ ਪ੍ਰਕਿਰਿਆ ਰਾਹੀਂ ਬਦਲਦੇ ਰੂਪ ਵਿਚ ਪੇਸ਼ ਕਰਦਾ ਹੈ!

According to Emerson,

> "Literature is the record of the best thoughts."

ਸਾਹਿਤ ਬਾਰੇ ਗਿਆਨ ਗ੍ਰਹਿਣ ਕਰਨ ਤੋਂ ਬਾਅਦ ਅਸੀਂ ਸਾਹਿਤ ਅਤੇ ਸਮਾਜ ਬਾਰੇ ਵਿਸਥਾਰਪੂਰਵਕ ਚਰਚਾ ਕਰਾਂਗੇ।

ਸਮਾਜ ਸ਼ਬਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ Society ਦਾ ਪੰਜਾਬੀ ਰੂਪਾਂਤਰ ਹੈ। ਸਧਾਰਨ ਸ਼ਬਦਾਂ ਵਿਚ ਅਸੀਂ ਸਮਾਜ ਨੂੰ ਪਰਿਭਾਸ਼ਿਤ ਕਰਦੇ ਹੋਏ ਕਹਿ ਸਕਦੇ ਹਾਂ ਕਿ ਕਿਸੇ ਵੀ ਸੰਗਠਿਤ ਜਾਂ ਅਸੰਗਠਿਤ ਸਮੂਹ ਨੂੰ ਸਮਾਜ ਕਿਹਾ ਜਾ ਸਕਦਾ ਹੈ। ਜਾਂ ਸਮਾਜ ਸ਼ਬਦ ਦੀ ਵਰਤੋਂ ਵਿਅਕਤੀਆਂ ਦੇ ਸਮੂਹ ਲਈ ਕੀਤੀ ਜਾਂਦੀ ਹੈ। ਜੋ ਕਿ ਅੰਤਰ ਕਿਰਿਆਵਾਂ ਦੁਆਰਾ ਸੰਬੰਧਿਤ ਹੁੰਦੇ ਹਨ।

ਸਮਾਜ ਸ਼ਾਸਤਰੀ ਗਿਡਿੰਗਸ (Giddings) ਦੇ ਅਨੁਸਾਰ,

> "ਸਮਾਜ ਆਪ ਸੰਘ ਹੈ, ਸੰਗਠਨ ਹੈ, ਰਸਮੀ ਸੰਬੰਧਾਂ ਦਾ ਜੋਗ ਹੈ, ਜਿਸ ਵਿਚ ਸਹਿਜੋਗ ਦੇਣ ਵਾਲੇ ਵਿਅਕਤੀ ਇਕ ਦੂਜੇ ਨਾਲ ਜੁੜੇ ਹੋਏ ਹਨ ਜਾਂ ਸੰਬੰਧਿਤ ਹਨ।"

According to Router (ਰਿਊਟਰ),

> "Society is an abstract term that connotes the complex of inter-relations that exist between and

‖among the members of the group."‖

ਸੋ ਸਮਾਜ ਲੋਕਾਂ ਦਾ ਇਕੱਠ ਹੁੰਦਾ ਹੈ, ਜਿਸ ਵਿਚ ਵਿਚਰ ਕੇ ਲੋਕ ਆਪਣੀਆਂ ਕਦਰਾਂ ਕੀਮਤਾਂ ਤੋਂ ਜਾਣੂ ਹੁੰਦੇ ਹਨ, ਅਤੇ ਆਪਣੀਆਂ ਭਾਵਨਾਵਾਂ ਨੂੰ ਦੂਸਰਿਆਂ ਤੱਕ ਪਹੁੰਚਾਉਂਦੇ ਹਨ! ਸਮਾਜ ਵਿਚ ਰਹਿ ਕੇ ਹੀ ਵਿਅਕਤੀ ਆਪਣੇ ਆਪ ਨੂੰ ਸਫਲ ਬਣਾਉਂਦਾ ਹੈ!

ਸਾਹਿਤ ਸਮਾਜ ਦਾ ਆਧਾਰੀ ਸ੍ਰੋਤ ਹੈ! ਸਾਹਿਤ ਆਪਣੇ ਸਮੁੱਚੇ ਅਸਤਿਤਵ ਲਈ ਸਮਾਜ ਉਪਰ ਹੀ ਨਿਰਭਰ ਕਰਦਾ ਹੈ! ਦੂਸਰੇ ਸ਼ਬਦਾਂ ਵਿਚ ਸਾਹਿਤ ਦੀ ਹੋਂਦ ਸਮਾਜ ਤੋਂ ਬਿਨਾਂ ਸੰਭਵ ਨਹੀਂ ਹੈ! ਇਸਦੇ ਨਾਲ ਹੀ ਇਕ ਠੋਸ ਹਕੀਕਤ ਇਹ ਹੈ ਕਿ ਸਾਹਿਤ ਸਮਾਜ ਵਿਚੋਂ ਪੈਦਾ ਹੋਣ ਪਿਛੋਂ ਸਾਹਿਤ ਨੂੰ ਹੀ ਸੁਬੰਧਿਤ ਹੁੰਦਾ ਹੈ ਤੇ ਸਮਾਜ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕਰਦਾ ਹੈ! ਸਾਹਿਤ ਜਿਥੇ ਸਮਾਜ ਤੋਂ ਪ੍ਰਭਾਵਿਤ ਹੁੰਦਾ ਹੈ ਉਥੇ ਸੁਝਵੇਂ ਰੂਪ ਵਿਚ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ! ਇਸ ਤਰ੍ਹਾਂ ਪਰਸਪਰ ਲੈਣ-ਦੇਣ ਦੇ ਰੂਪ ਵਿਚ ਦੋਵੇਂ ਦ੍ਵੰਦਾਤਮਕ ਸੰਬੰਧਾਂ ਵਿੱਚ ਬੱਝੀਆਂ ਹੋਈਆਂ ਹਨ!
ਡਾ. ਜੀਤ ਸਿੰਘ ਜੋਸ਼ੀ ਅਨੁਸਾਰ,

> "ਸਾਹਿਤ ਕਲਾਮਈ ਬਿੰਬਾਂ ਰਾਹੀਂ ਮਨੁੱਖ ਦੇ ਸਮਾਜਕ ਜੀਵਨ ਦੀ ਪੁਨਰ ਸਿਰਜਨਾ ਹੈ, ਇਸੇ ਲਈ ਸਾਹਿਤ ਮਨੁੱਖ ਦਾ ਸਭ ਤੋਂ ਵੱਧ ਸਮਾਜਕ ਅਤੇ ਸਮਾਜ ਦਾ ਸਭ ਤੋਂ ਵੱਧ ਮਾਨਵੀ ਕਰਮ ਸਮਝਿਆ ਜਾਂਦਾ ਹੈ!"

("ਪੰਜਾਬੀ ਅਧਿਐਨ ਤੇ ਅਧਿਆਪਨ" ਬਦਲਦੇ ਪਰਿਪੇਖ)
ਪੰਨਾ ਨੰ: 37

ਸਾਹਿਤ ਅਤੇ ਸਮਾਜ ਦਾ ਅਨਿੱਖੜਵਾਂ ਸੰਬੰਧ ਹੈ। ਸਾਹਿਤ ਰਚਨਾ ਲਈ ਰਚਨਾਤਮਕ ਸਮੱਗਰੀ, ਪੇਸ਼ਕਾਰੀ ਲਈ ਲੋੜੀਂਦੇ ਮਾਧਿਅਮ ਭਾਸ਼ਾ ਤੋਂ ਲੈ ਕੇ ਸਾਹਿਤਕ ਵਿਧੀਆਂ/ਜੁਗਤਾਂ ਸੇਧਾ ਦੀ ਸਮੁੱਚੀ ਦੇਣ ਸਮਾਜਿਕ ਹੈ। ਸਾਹਿਤ ਦਾ ਸਿਰਜਕ (ਸਾਹਿਤਕਾਰ) ਵੀ ਸਮਾਜਿਕ ਪ੍ਰਾਣੀ ਹੋਣ ਕਰਕੇ ਸਮਾਜ ਦਾ ਅਨਿੱਖੜ ਅੰਗ ਹੈ। ਇਸ ਤਰ੍ਹਾਂ ਸਾਹਿਤ ਸਿਰਜਕ ਅਤੇ ਸਾਹਿਤ ਸਿਰਜਨਾ ਦੋਵੇਂ ਸਮਾਜ ਨਾਲ ਸੰਬੰਧਿਤ ਹੈ। ਸਾਹਿਤ ਦੀ ਰਚਨਾਤਮਕ ਵਸਤੂ ਸਮਾਜ ਦਾ ਕੋਈ ਨਾ ਕੋਈ ਵਰਤਾਰਾ/ਘਟਨਾ ਹੁੰਦੀ ਹੈ ਜਿਸ ਨਾਲ ਸਾਹਿਤਕਾਰ ਦੀ ਚੇਤਨਾ ਕਿਰਿਆ-ਪ੍ਰਤੀਕਿਰਿਆ ਵਿਚ ਆ ਕੇ ਸਾਹਿਤ ਰਚਨਾ ਨੂੰ ਜਨਮ ਦਿੰਦੀ ਹੈ।

ਸਾਹਿਤ ਨੂੰ ਸਮਾਜ ਦਾ ਬਿੰਬ/ਸ਼ੀਸ਼ਾ ਵੀ ਆਖਿਆ ਜਾਂਦਾ ਹੈ। ਇਸ ਬਿੰਬ ਵਿਚੋਂ ਅਸੀਂ ਕਿਸੇ ਸਮੇਂ ਦੀ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਆਦਿ ਵਿਵਸਥਾ ਦੇ ਨਾਲ ਨਾਲ ਉਸ ਸਮੇਂ ਦੀਆਂ ਸਾਂਸਕ੍ਰਿਤਕ ਕਦਰਾਂ ਕੀਮਤਾਂ ਦੇ ਦੀਦਾਰ ਵੀ ਕਰਦੇ ਹਾਂ।
ਡਾ. ਜੀਤ ਸਿੰਘ ਜੋਸ਼ੀ ਅਨੁਸਾਰ,

> "ਸਾਹਿਤ ਪੁਰਾਤਨ ਸਮਾਜਿਕ ਵਰਤਾਰਿਆਂ ਨੂੰ ਸੰਭਾਲ ਕੇ ਰੱਖਣ ਵਾਲਾ ਅਨਮੋਲ ਖ਼ਜ਼ਾਨਾ ਹੈ।"

ਸਾਹਿਤ ਅਤੇ ਸਮਾਜ ਅੰਤਰ-ਸੰਬੰਧਿਤ ਹਨ। ਸਾਹਿਤ ਨੂੰ ਸਮਾਜ ਤੋਂ ਵੱਖ ਕਰਕੇ ਨਾ ਰਚਿਆ ਜਾ ਸਕਦਾ ਹੈ ਅਤੇ ਨਾ ਹੀ ਪਰਖਿਆ ਜਾ ਸਕਦਾ ਹੈ। ਸਾਹਿਤ ਅਤੇ ਸਮਾਜ ਪਰਸਪਰ ਦਵੰਦਾਤਮਕ ਸੰਬੰਧ ਰੱਖਦੇ ਹਨ। ਸਾਹਿਤ ਅੰਦਰ ਸਿਰਜਿਆ ਗਿਆ ਸਮਾਜ ਸੰਪੂਰਨ ਨਹੀਂ ਹੁੰਦਾ। ਕਿਸੇ ਇਕੋ ਸਮਾਜ ਅੰਦਰ ਵੱਖ-ਵੱਖ ਭਾਸ਼ਾਵਾਂ ਵਿਚ ਰਚੇ ਵੱਖਰੇ ਵੱਖਰੇ ਸਾਹਿਤ ਹੋ ਸਕਦੇ ਹਨ, ਪਰ ਕਿਸੇ ਸਾਹਿਤਕ ਰਚਨਾ ਵਿਚ ਵੱਖਰੇ ਵੱਖਰੇ ਸਮਾਜ ਨਹੀਂ ਹੁੰਦੇ।

ਸਾਹਿਤ ਦੇ ਵਿਕਾਸ ਦੀ ਸਮੁੱਚੀ ਪ੍ਰਕਿਰਿਆ ਸਮਾਜਿਕ ਵਿਕਾਸ ਦੀ ਰਿਣੀ ਹੈ, ਕਿਉਂਕਿ ਸਮਾਜਿਕ ਵਿਕਾਸ ਤੋਂ ਪਿੱਛੋਂ ਹੀ ਸਾਹਿਤਕ ਵਿਕਾਸ ਦੀ ਘਟਨਾ ਵਾਪਰਦੀ ਹੈ। ਇਹ ਸਮਾਜਿਕ ਪਰਿਵਰਤਨ ਹੀ ਸਾਹਿਤ ਨੂੰ ਪ੍ਰਗਤੀ ਦੇ ਰਾਹ ਪਾਉਂਦਾ ਹੈ। ਮਨੁੱਖੀ ਚਿੰਤਨ ਵਿਕਸਿਤ ਹੋਣ ਨਾਲ ਸਮਾਜਿਕ ਸੋਚ ਵਿਚ ਤਬਦੀਲੀ ਆਉਂਦੀ ਹੈ, ਫਿਰ ਇਹ ਤਬਦੀਲੀ ਸਾਹਿਤ ਵਿਚ ਰੂਪਾਂਤਰਿਤ ਹੁੰਦੀ ਹੈ ਤੇ ਸਾਹਿਤ ਵਿਚ ਵੰਨ-ਸੁਵੰਨਤਾ ਨੂੰ ਜਨਮ ਦਿੰਦੀ ਹੈ। ਜਿਸ ਕਾਰਨ ਨਵੀਨ ਸਾਹਿਤ ਹੋਂਦ ਵਿਚ ਆਇਆ ਹੈ ਅਤੇ ਪੁਰਾਣਾ ਅਲੋਪ ਹੋ ਜਾਂਦਾ ਹੈ।

ਡਾ. ਹਰਭਜਨ ਸਿੰਘ ਅਨੁਸਾਰ, —

> "ਸਾਹਿਤ ਸਮਾਜ ਵਿੱਚੋਂ ਉਪਜ ਕੇ ਵੀ ਉਸ ਤੋਂ ਪਾਰ ਜਾਣ ਦੀ ਸਮਰੱਥਾ ਰੱਖਦਾ ਹੈ।"

(ਸਾਹਿਤ ਸ਼ਾਸਤਰ, ਪੰਨਾ ਨੰ: ੧੦੨)

ਪ੍ਰਸ਼ਨ-2 ਕਿ. ਸਮਾਜਿਕ ਪਰਿਵਰਤਨ ਸਾਹਿਤ ਨੂੰ ਪ੍ਰਭਾਵਿਤ ਕਰਦਾ ਹੈ।

ਸਾਹਿਤ ਇਤਿਹਾਸ ਦੇ ਸਨਮੁੱਖ ਹੋਈਏ ਤਾਂ ਸ਼ਪਸ਼ਟ ਹੋ ਜਾਂਦਾ ਹੈ ਕਿ ਸਾਹਿਤਕਾਰਾਂ ਦੀ ਰਚਨਾਤਮਕ ਦ੍ਰਿਸ਼ਟੀ ਵੀ ਸਮੇਂ-ਸਮੇਂ ਸਿਰ ਨਵੀਆਂ ਦਿਸ਼ਾਵਾਂ ਵਿਚ ਸਫ਼ਰ ਕਰਦੀ ਹੈ। ਸੰਸਾਰ / ਸ੍ਰਿਸ਼ਟੀ / ਬ੍ਰਹਿਮੰਡ ਪ੍ਰਤੀ ਮਨੁੱਖੀ ਗਿਆਨ ਜਿਵੇਂ ਜਿਵੇਂ ਵਿਕਸਿਤ ਹੋਇਆ ਉਵੇਂ-ਉਵੇਂ ਸਮਾਜ ਨੂੰ ਸਮਝਣ ਦੇ ਦ੍ਰਿਸ਼ਟੀਕੋਣ ਵਿਚ ਵੀ ਪਰਿਵਰਤਨ ਹੋਇਆ ਹੈ। ਬਦਲਦੇ ਸਰੂਪ ਸਾਹਿਤ ਧਾਰਾ ਦਾ ਰੂਪ ਬਦਲਦੇ ਹਨ। ਜਿਵੇਂ: ਸਨਾਤਨੀ ਦੀ ਥਾਂ ਰੋਮਾਂਸਵਾਦੀ ਤੇ ਰੋਮਾਂਸਵਾਦੀ ਦੀ ਥਾਂ ਯਥਾਰਥਵਾਦੀ ਦ੍ਰਿਸ਼ਟੀ ਦਾ ਸਥਾਪਿਤ ਹੋਣਾ, ਇਸ ਤੱਥ ਦੀ ਪ੍ਰਤੱਖ ਗਵਾਹੀ ਹੈ ਕਿ ਸਮਾਜਿਕ ਪਰਿਵਰਤਨ ਹਮੇਸ਼ਾ ਸਾਹਿਤ ਦੀ ਦਿਸ਼ਾ ਤੇ ਦਸ਼ਾ ਨਿਰਧਾਰਿਤ ਕਰਦਾ ਰਿਹਾ ਹੈ।

According to De-Bonald, —

> "Literature is an expression of society."

ਸਮਾਜ ਸਾਹਿਤਕਾਰ ਦੀ ਸਿਰਜਣਾ ਦਾ ਆਧਾਰ ਬਣਦਾ ਹੈ।

ਸਾਹਿਤਕਾਰ ਸਮਾਜ ਵਿਚੋਂ ਹੀ ਹੁੰਦਾ ਹੈ ਅਤੇ ਉਹ ਸਮਾਜ ਤੋਂ ਸੁਤੰਤਰ ਨਹੀਂ ਰਹਿ ਸਕਦਾ। ਸਮਾਜ ਸਾਹਿਤਕਾਰ ਦੇ ਅੰਦਰ ਭਾਵ ਵੀ ਬਿਰਤੀ ਬਣ ਕੇ ਇਕ ਸ਼ਕਤੀ ਜਿਹੀ ਬਣ ਜਾਂਦਾ ਹੈ, ਜਿਸਨੂੰ ਅਸੀਂ ਜ਼ਮੀਰ ਜਾਂ ਆਤਮਾ ਕਹਿੰਦੇ ਹਾਂ। ਜਦੋਂ ਵਿਅਕਤੀ ਕੋਈ ਕੰਮ ਕਰਨ ਲੱਗਦਾ ਹੈ ਤਾਂ ਸਮਾਜ ਉਸਦੀ ਅੰਦਰਲੀ ਆਵਾਜ਼ ਬਣ ਕੇ ਉਸਦੀ ਅਗਵਾਈ ਕਰਦਾ ਹੈ ਜਾਂ ਉਸਦਾ ਸਮਰਥਨ ਵੀ ਕਰਦਾ ਹੈ। ਇਹ ਆਵਾਜ਼ ਮਨੁੱਖ ਨੂੰ ਵੰਗਾਰਦੀ ਵੀ ਹੈ ਅਤੇ ਰੋਕਦੀ ਵੀ ਹੈ।

ਰੈਨੇ ਵੈਲਿਕ ਅਨੁਸਾਰ,

> "ਸਾਹਿਤ ਸਮਾਜਿਕ ਕਿਰਿਆ ਦਾ ਇੱਕ ਤਰ੍ਹਾਂ ਨਾਲ ਪ੍ਰਤੀਬਿੰਬ ਨਹੀਂ ਹੈ, ਬਲਕਿ ਇਹ ਸੰਪੂਰਨ ਇਤਿਹਾਸ ਦਾ ਸਾਰ, ਮੂਲ ਅਤੇ ਸੰਖੇਪ ਸਰੂਪ ਹੈ।"

ਸਾਹਿਤ ਇਕ ਸੂਖਮ ਕਲਾ ਹੈ। ਜਿਸਦਾ ਮੁੱਖ ਉਦੇਸ਼ ਸੁਹਜ ਸੁਆਦ ਉਪਜਾਉਣਾ ਤੇ ਇਸ ਰਾਹੀਂ ਇੱਕ ਚੰਗੇਰੇ ਜੀਵਨ ਲਈ ਪ੍ਰੇਰਣਾ ਹੈ। ਇਸੇ ਕਾਰਨ ਸਾਹਿਤ ਨੂੰ ਜਨਤਾ ਦੀ ਡੰਗੋਰੀ ਵੀ ਕਿਹਾ ਜਾਂਦਾ ਹੈ।

ਸਾਹਿਤ ਤੇ ਪਾਠਕ ਦਾ ਰਿਸ਼ਤਾ

ਸਾਹਿਤ ਅਤੇ ਪਾਠਕ ਦੇ ਰਿਸ਼ਤੇ ਦੇ ਪ੍ਰਕਰਣ ਵਿਚ ਵੀ ਸਾਹਿਤ ਦੀ ਸਮਾਜਿਕ ਭੂਮਿਕਾ ਨੂੰ ਸਪਸ਼ਟ ਭਾਂਤ ਵੇਖਿਆ ਜਾ ਸਕਦਾ ਹੈ। ਸਾਹਿਤ ਪਾਠਕਾਂ ਨੂੰ ਸੰਬੋਧਿਤ ਹੁੰਦਾ ਹੈ। ਸਾਹਿਤ ਆਨੰਦ ਦੇਣ ਦੇ ਨਾਲ ਸਹਜ ਭੁੱਖ ਦੀ ਤ੍ਰਿਪਤੀ ਕਰਨ ਤੋਂ ਇਲਾਵਾ ਮਨੁੱਖੀ ਚੇਤਨਾ ਨੂੰ ਵੀ ਪ੍ਰਭਾਵਿਤ ਕਰਦਾ ਹੈ। ਮਨੁੱਖੀ ਸੰਸਾਰ ਨੂੰ ਅਜਿਹੀ ਚੇਤਨਾ/ਸਮਝ/ਗਿਆਨ ਦੇ ਲੜ ਲਾਇਆ ਹੈ, ਅਜਿਹੇ ਅਨੁਭਵ ਦਾ ਅਹਿਸਾਸ ਕਰਾਇਆ ਹੈ ਜੋ ਪਹਿਲਾ ਜਾਂ ਤਾਂ ਸਾਡੀ ਸੋਚ ਦਾ ਹਿੱਸਾ ਨਹੀਂ ਹੁੰਦਾ ਜੇ ਹੁੰਦਾ ਵੀ ਹੈ ਤਾਂ ਉਸ ਨੂੰ ਪ੍ਰਪੱਕ ਕਰਾਉਣ ਜਾਂ ਉਸ ਵਿਚ ਕੋਈ ਪਰਿਵਰਤਨ ਕਰਾਉਣ ਦਾ ਕਾਰਜ ਕਰਦਾ ਹੈ। ਸਾਹਿਤਕਾਰ ਨੂੰ

ਚਾਹੀਦਾ ਹੈ ਕਿ ਉਹ ਮਨੁੱਖ ਦੇ ਸਾਂਝੇ ਵਲਵਲਿਆਂ ਨੂੰ ਅਜਿਹੇ ਰਸਮਈ ਢੰਗ ਨਾਲ ਬਿਆਨ ਕਰੇ ਕਿ ਪਾਠਕ ਉਸ ਵਿਚੋਂ ਅਨੰਦ ਲੈ ਸਕਣ। ਪਾਠਕ ਸਾਹਿਤਕਾਰ ਦੀ ਰਚਨਾ ਤੋਂ ਮਨੋਰੰਜਨ ਤੇ ਅਨੰਦ ਲਵੇਗਾ ਤਾਂ ਹੀ ਉਹ ਉਸਦੀ ਰਚਨਾ ਦਾ ਮੁੱਲ ਪਾਉਣਗੇ।

ਫਰੈਂਡ੍ਰਿਕ ਸਹਿਗਲ ਅਨੁਸਾਰ,

"ਸਾਹਿਤ ਕਿਸੇ ਕੌਮ ਦੇ ਬੌਧਿਕ ਜੀਵਨ ਦਾ ਨਿਚੋੜ ਹੈ।"

ਅੰਤਰਸੰਬੰਧਿਤ

ਸਾਹਿਤ ਅਤੇ ਸਮਾਜ ਦੇ ਸੰਬੰਧ ਇਕ ਤਰਫ਼ੇ ਨਹੀਂ ਹਨ। ਜੇਕਰ ਸਾਹਿਤ ਸਮਾਜ ਤੋਂ ਸਮੱਗਰੀ ਹਾਸਲ ਕਰਦਾ ਹੈ ਤਾਂ ਇਹ ਸਮਾਜ ਦੀ ਅਗਵਾਈ ਵੀ ਕਰਦਾ ਹੈ। ਸਾਹਿਤ ਸਮਾਜ ਦੀਆਂ ਸਾਰੀਆਂ ਸੰਸਥਾਵਾਂ - ਵਿਆਹ, ਪਰਿਵਾਰ, ਸਿੱਖਿਆ ਪ੍ਰਣਾਲੀ, ਰਿਸ਼ਤੇ-ਨਾਤੇ, ਕੰਮ-ਕਾਰ, ਧਰਮ ਅਤੇ ਅਰਥਚਾਰੇ ਆਦਿ ਨੂੰ ਆਪਣੀ ਵਸਤੂ ਸਮੱਗਰੀ ਵਜੋਂ ਵਰਤਦਾ ਹੈ। ਜੇ ਅਸੀਂ ਕਿਸੇ ਯੁੱਗ ਵਿਚ ਸਮਾਜ ਦੀਆਂ ਇਨਾਂ ਸੰਸਥਾਵਾਂ ਦੇ ਰੂਪ ਜਾਂ ਚਰਿੱਤਰ ਬਾਰੇ ਗਿਆਨ ਪ੍ਰਾਪਤ ਕਰਨਾ ਹੋਵੇ ਤਾਂ ਸਾਡੇ ਲਈ ਸਭ ਤੋਂ ਉਚਿਤ ਸਮੱਗਰੀ ਉਸ ਯੁੱਗ ਵਿਚ ਰਚਿਆ ਗਿਆ ਸਾਹਿਤ ਹੀ ਸਿੱਧ ਹੋਵੇਗਾ।

ਡਾ. ਸਰਬਜੀਤ ਸਿੰਘ ਅਨੁਸਾਰ,

"ਸਮਾਜ ਨਾਲ ਸਾਹਿਤ ਦੇ ਸੰਬੰਧਾਂ ਨੂੰ ਸਮਝਣ ਲਈ ਸਮਾਜ ਨਾਲ ਰਚਨਾਕਾਰ ਵਿਅਕਤੀ ਦੇ ਠੋਸ ਇਤਿਹਾਸਿਕ ਸੰਬੰਧਾਂ ਦੀ ਸਮਝ ਆਵੱਸ਼ਕ ਹੈ।"

('ਵਿਚਾਰਧਾਰਕ ਪਰਿਪੇਖ, ਪੰਨਾ ਨੰ: 30)

ਗਿਆਨ ਦੇ ਸਾਹਿਤਿਕ ਤੌਰ ਤੇ ਉਕਸਾਉਂਦਾ ਹੈ!

ਮਾਰਕਸਵਾਦੀ ਦ੍ਰਿਸ਼ਟੀ ਅਨੁਸਾਰ ਸਾਹਿਤ ਸਿਰਜਣਾ ਕਿਸੇ ਖਾਸ ਮਨੋਰਥ ਹਿਤ ਕੀਤੀ ਜਾਂਦੀ ਹੈ। ਲੋਕਾਂ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਜਗਾਉਣਾ ਤੇ ਸਮਾਜੀ ਜੀਵਨ ਬਾਰੇ ਚੇਤੰਨਤਾ ਦੇਣਾ, ਇਸਦਾ ਮੁੱਖ ਕੰਮ ਹੈ। ਉਹ ਗਿਆਨ ਦੇਣਾ ਜੋ ਸਮਾਜਿਕ ਤਬਦੀਲੀ ਲਈ ਲੋਕਾਂ ਵਾਸਤੇ ਵਿਚਾਰਧਾਰਨ ਸੇਧ ਬਣੇ। ਸਾਹਿਤ ਸਮਾਜਿਕ ਪਰਿਵਰਤਨ ਲਈ ਲੋਕਾਂ ਨੂੰ ਉਕਸਾਉਂਦਾ ਤੇ ਪ੍ਰੇਰਿਤ ਵੀ ਕਰਦਾ ਹੈ।

ਗਾਲੈਂਤਸਮਟੋਨ ਦਾ ਕਥਨ ਹੈ ਕਿ,

> "ਲੇਖਕ ਸਮਾਜ ਤੋਂ ਜੋ ਕੁਝ ਵਾਸ਼ਪ ਰੂਪ ਵਿਚ ਗ੍ਰਹਿਣ ਕਰਦਾ ਹੈ, ਉਸਨੂੰ ਵਰਖਾ ਦੇ ਰੂਪ ਵਿਚ ਵਾਪਸ ਕਰ ਦਿੰਦਾ ਹੈ।"

ਸਮਾਜ ਸਾਹਿਤਕਾਰਾਂ ਨੂੰ ਜਨਮ ਦਿੰਦਾ ਹੈ ਅਤੇ ਸਾਹਿਤਕਾਰ ਸਮਾਜ ਨੂੰ ਬਦਲਦਾ ਹੈ ਅਤੇ ਇਹੋ ਜਿਹੀ ਪ੍ਰਕਿਰਿਆ ਲਗਾਤਾਰ ਚੱਲਦੀ ਰਹਿੰਦੀ ਹੈ।

ਸਾਹਿਤ ਇਕ ਕਿਸਮ ਦਾ ਸ਼ੀਸ਼ਾ ਹੀ ਹੈ, ਉਸ ਵਿਚ ਵੀ ਇਕ ਸਮਾਜ, ਸਮਾਜਿਕ ਪ੍ਰਬੰਧ ਅਤੇ ਸਮਾਜ ਭਾਵਨਾ ਦਾ ਚਿੱਤਰ ਮਿਲ ਜਾਂਦਾ ਹੈ। ਜੇਕਰ ਪੁਰਾਣੇ ਸਾਹਿਤ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਉਸ ਵਿਚ ਤਤਕਾਲ ਸਮਾਜ ਦੀ ਰਹਿਣੀ ਬਹਿਣੀ, ਪਹਿਰਾਵਾ, ਰੀਤੀ ਰਿਵਾਜਾਂ ਬਾਰੇ ਖਾਸ ਜਾਣਕਾਰੀ ਮਿਲ ਸਕਦੀ ਹੈ। ਮਾਰਕਸ ਇਕ ਅਜਿਹੇ ਵਰਗਹੀਣ ਸਮਾਜ ਦੀ ਕਲਪਨਾ ਕਰਦਾ ਹੈ ਜਿਥੇ ਆਰਥਿਕ ਅਤੇ ਕਲਾਤਮਿਕਤਾ ਵਿਚਕਾਰ ਕੋਈ ਸੰਬੰਧ ਨਹੀਂ ਹੋਵੇਗਾ। ਸਮਾਜਵਾਦੀ ਸਮਾਜ ਵਿਚ ਕੋਈ ਚਿਤਰਕਾਰ ਨਹੀਂ ਹੋਵੇਗਾ। ਵੱਧ ਤੋਂ ਵੱਧ ਲੋਕ ਕੰਮ ਕਰਦੇ ਹੋਏ ਚਿਤਰ ਰਚਨਾ ਵੀ ਕਰਨਗੇ। ਇਸੇ ਦੇਸ਼ ਕਾਲ ਦੇ ਸਾਹਿਤ ਵਿਚ ਉਸ ਦੇਸ਼ ਕਾਲ ਦਾ ਸੱਭਿਆਚਾਰਕ ਜੀਵਨ ਸਹਿਜ ਸੁਭਾਅ ਹੀ ਮੂਰਤੀਮਾਨ ਹੋ ਜਾਂਦਾ ਹੈ।

ਪ੍ਰੋ: ਬ੍ਰਹਮ ਜਗਦੀਸ਼ ਦੇ ਅਨੁਸਾਰ,

> "ਕਵੀ ਆਪ ਸਮਾਜ ਦਾ ਇੱਕ ਮੈਂਬਰ ਹੁੰਦਾ ਹੈ, ਉਸਦਾ ਇੱਕ ਵਿਸ਼ੇਸ਼ ਸਮਾਜਿਕ ਦਰਜਾ ਹੁੰਦਾ ਹੈ, ਉਸਨੂੰ ਇਕ ਵਿਸ਼ੇਸ਼ ਕਿਰਦਾਰ ਵਿਚ ਪ੍ਰਵਾਨਗੀ ਜਾਂ ਪੁਰਸਕਾਰ ਵੀ ਪ੍ਰਾਪਤ ਹੁੰਦੇ ਹਨ।"

('ਸਮਾਲੋਚਨਾ ਸ਼ਾਸਤਰ,' ਪੰਨਾ ਨੰ: ੧੫)

ਸਾਹਿਤ ਅਤੇ ਸਮਾਜ ਦਾ ਵਿਆਪਕ ਸੰਬੰਧ ਬੁਨਿਆਦੀ ਹਕੀਕਤ ਹੈ। ਪਰ ਕਦੀ ਕਦੀ ਇਸਨੂੰ ਸੀਮਿਤ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਹੈ। ਇਕ ਤਾਂ ਸਾਹਿਤ ਸਮਾਜ ਵਿਚ ਸਮਾਜਕ ਵਰਗ ਵੰਡਾਂ ਦਾ ਪ੍ਰਤੀਬਿੰਬ ਲੱਭਣ ਦਾ ਯਤਨ ਕਰਦਾ ਹੈ। ਸਾਹਿਤ ਸਮਾਜ ਵਿਚੋਂ ਉਪਜ ਕੇ ਉਸਤੋਂ ਪਾਰ ਜਾਣ ਦੀ ਸਮਰੱਥਾ ਰੱਖਦਾ ਹੈ। ਸਾਡੀ ਸਮੀਖਿਆ ਦਾ ਧਿਆਨ ਇਸ ਪਾਸੇ ਘੱਟ ਗਿਆ ਹੈ।

ਸਮਾਜ ਤੇ ਸਾਹਿਤ ਨੂੰ ਜਦੋਂ ਕੁਝ ਦੇ ਮਨੋਰਥ ਲਈ ਵਰਤਣ ਦੀ ਲੋੜ ਪ੍ਰਧਾਨ ਹੋ ਜਾਂਦੀ ਹੈ ਤਾਂ ਸਾਹਿਤ ਦਾ ਨਿੱਜੀ ਚਰਿੱਤਰ ਅੱਖੋਂ ਪਰੋਖੇ ਹੋ ਜਾਂਦਾ ਹੈ।

ਕਿਸੇ ਸਮਾਜ ਦਾ ਜੀਵਨ ਪ੍ਰਵਾਹ ਸਾਹਿਤ ਨੂੰ ਕਿਸ ਪ੍ਰਕਾਰ ਪ੍ਰਭਾਵਿਤ ਕਰਦਾ ਹੈ ਇਸ ਉਪਰ ਵਿਗਿਆਨਿਕ ਵਿਧੀ ਅਨੁਸਾਰ ਖੋਜ ਅਤੇ ਚਿੰਤਨ ਨਹੀਂ ਹੋਇਆ। ਸਮਾਜ ਵਿਦਵਾਨ ਆਲੋਚਕਾਂ ਜਾਂ ਰਾਜਨੀਤਿਕ ਰਹਿਬਰਾਂ ਤੱਕ ਹੀ ਸੀਮਿਤ ਨਹੀਂ। ਜੇ ਸਾਹਿਤ ਅਤੇ ਸਮਾਜ ਦੋਹਾਂ ਦਾ ਵਿਆਪਕ ਚਿਤਰ ਸਾਹਮਣੇ ਰੱਖੀਏ ਤਾਂ ਪਤਾ ਲਗਦਾ ਹੈ ਕਿ ਸਮਾਜ ਦਾ ਬਹੁਤ ਵੱਡਾ ਅੰਸ਼ ਅਜਿਹਾ ਸਾਹਿਤ ਪੜ੍ਹਦਾ ਹੈ ਜੋ ਵਿਦਵਾਨ ਆਲੋਚਕਾਂ ਤੇ ਰਹਿਬਰਾਂ ਦੇ ਧਿਆਨ ਦਾ ਕੇਂਦਰ ਕਦੇ ਨਹੀਂ ਬਣਦਾ। ਸਾਡੇ ਵਿਦਵਾਨਾਂ ਨੇ ਵੀ ਸੀਮਿਤ ਸਾਹਿਤ, ਸੀਮਿਤ

ਸਮਾਜ ਅਤੇ ਸੀਮਿਤ ਦ੍ਰਿਸ਼ਟੀ ਨੂੰ ਪੂਰਵ ਸਾਹਿਤ, ਪੂਰਵ ਸਮਾਜ ਤੇ ਪੂਰਵ ਦ੍ਰਿਸ਼ਟੀ ਮੰਨ ਲਿਆ ਹੈ।
ਡਾ. ਰਤਨ ਸਿੰਘ ਜੱਗੀ ਦੇ ਅਨੁਸਾਰ,

> "ਸਮਾਜ ਅੰਦਰ ਵੱਖ-੨ ਸਮਿਆਂ ਅੰਦਰ ਵੱਖ-੨ ਧਾਰਮਿਕ, ਸਮਾਜਿਕ ਅਥਵਾ ਰਾਜਨੀਤਿਕ ਲਹਿਰਾਂ ਜਨਮ ਲੈਂਦੀਆਂ ਰਹੀਆਂ ਹਨ। ਇਹ ਲਹਿਰਾਂ ਨਵਾਂ ਸਾਹਿਤ ਪੈਦਾ ਕਰਨ ਤੇ ਉਸਨੂੰ ਇੱਕ ਖਾਸ ਨੁਹਾਰ ਦੇਣ ਵਿਚ ਸਹਾਈ ਹੁੰਦੀਆਂ ਹਨ।"

ਆਧੁਨਿਕ ਸਾਹਿਤਕਾਰ ਸਮਾਜ ਨਾਲੋਂ ਅਲੱਗ ਹੋ ਰਿਹਾ ਹੈ। ਇਸ ਬਾਰੇ ਧਿਆਨ ਦਿਵਾਉਂਦਿਆਂ ਸੰਸਾਰ ਪ੍ਰਸਿੱਧ ਮਾਰਕਸੀ ਚਿੰਤਕ ਜੀ. ਵੀ. ਪਲੈਖਾਨੋਵ ਲਿਖਦੇ ਹਨ,

> "'ਕਲਾ ਕਲਾ ਲਈ' ਦਾ ਸਿਧਾਂਤ ਉਸ ਸਮੇਂ ਪੈਦਾ ਹੁੰਦਾ ਹੈ ਜਦੋਂ ਸਾਹਿਤਕਾਰ ਆਪਣੇ ਅਤੇ ਆਪਣੇ ਸਮਾਜ ਦੇ ਮੌਜੂਦ ਦਰਮਿਆਨ ਇਕ ਵਿਅਰਥ ਕਿਸਮ ਦਾ ਅੰਤਰ ਵਿਰੋਧ ਵੇਖਦਾ ਹੈ। ਉਸ ਸਮੇਂ ਸਾਹਿਤਕਾਰ ਸਮਾਜ ਦਾ ਦੁਸ਼ਮਣ ਬਣ ਜਾਂਦਾ ਹੈ ਅਤੇ ਉਹ ਇਸ ਨੂੰ ਬਦਲ ਸਕਣ ਦੀਆਂ ਤਮਾਮ ਆਸ਼ਾਵਾਂ ਤਿਆਗ ਦਿੰਦਾ ਹੈ।"

✓ ਅਜੋਕੇ ਸਮਾਜ ਵਿਚ ਤੇਜ਼ੀ ਨਾਲ ਤਬਦੀਲੀਆਂ ਵਾਪਰ ਰਹੀਆਂ ਹਨ। ਸਾਹਿਤ ਸਿਰਜਣਾ ਵੀ ਸਮਾਜ ਤੋਂ ਪ੍ਰਭਾਵਿਤ ਹੋ ਕੇ ਕੀਤੀ ਜਾਂਦੀ ਹੈ। ਇਹ ਗੱਲ ਠੀਕ ਹੈ ਕਿ ਸਾਹਿਤ ਵਿਚ ਪੇਸ਼ ਸਮਾਜਿਕ ਮੁੱਲ ਉਸਦੇ ਕਲਾਤਮਿਕ ਮੁੱਲ ਨੂੰ

ਵੀ ਪ੍ਰਗਟ ਕਰਦੇ ਹਨ। ਇਕ ਰਚਨਾ ਆਪਣਾ ਸਮਾਜਿਕ ਅਤੇ ਕਲਾਤਮਿਕ ਮੁੱਲ ਹੋਣ ਦਾ ਇਕੋ ਵੇਲੇ ਅਨੁਭਵ ਕਰਾ ਦਿੰਦੀ ਹੈ। ਪਰ ਕੁਝ ਰਚਨਾਵਾਂ ਸਮਾਜਿਕ ਮੁੱਲ ਵੱਲ ਧਿਆਨ ਨਹੀਂ ਦਿੰਦੀਆਂ।

ਆਸਕਰ ਵਾਈਲਡ ਦੇ ਅਨੁਸਾਰ,

"ਸਾਹਿਤ ਹਮੇਸ਼ਾ ਜੀਵਨ ਨੂੰ ਪੇਸ਼ੀਨਗੋਈ ਕਰਦਾ ਹੈ। ਇਹ ਜੀਵਨ ਦੀ ਨਕਲ ਨਹੀਂ ਸਗੋਂ ਇਸਨੂੰ ਇਸਦੇ ਮੰਤਵ ਅਨੁਸਾਰ ਢਾਲਦਾ ਹੈ।"

ਇਸ ਪ੍ਰਕਾਰ ਸਮੁੱਚੀ ਵਿਚਾਰ ਚਰਚਾ ਵਿਚੋਂ ਇਹ ਭਲੀ ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਸਾਹਿਤ ਤੇ ਸਮਾਜ ਦਾ ਆਪਸੀ ਰਿਸ਼ਤਾ ਬੜਾ ਗਹਿਰਾ ਅਟੁੱਟ ਅਤੇ ਦਵੰਦਾਤਮਕ ਹੈ। ਸਾਹਿਤ ਆਪਣੇ ਰੂਪ ਵਜੂਦ ਲਈ ਜਿਥੇ ਪੂਰੇ ਦਾ ਪੂਰਾ ਸਮਾਜ ਤੇ ਨਿਰਭਰ ਕਰਦਾ ਹੈ, ਉਥੇ ਸਾਹਿਤ ਰੂਪਾਂ ਦੀ ਵੰਨ ਸੁਵੰਨਤਾ, ਵਿਕਾਸ ਤੇ ਪਰਿਵਰਤਨ ਦੀ ਪ੍ਰਕਿਰਿਆ ਵੀ ਪੂਰੀ ਤਰ੍ਹਾਂ ਸਮਾਜ ਨਾਲ ਜੁੜੀ ਹੁੰਦੀ ਹੈ। ਇਸ ਤੋਂ ਇਲਾਵਾ ਸਾਹਿਤ ਆਪਣੇ ਆਪਾਂਸੀ ਸ੍ਰੋਤ ਸਮਾਜ ਨੂੰ ਪ੍ਰਭਾਵਿਤ ਹੁੰਦਾ ਹੋਇਆ ਕਿਸੇ ਨਾ ਕਿਸੇ ਰੂਪ ਵਿਚ ਇਸ ਨੂੰ ਪ੍ਰਭਾਵਿਤ ਵੀ ਕਰਦਾ ਹੈ। ਇਸ ਤਰ੍ਹਾਂ ਸਾਹਿਤ ਦਾ ਸਮਾਜ ਨਾਲ ਸੰਬੰਧ ਹਰ ਪੱਧਰ ਤੇ ਬਣਿਆ ਰਹਿੰਦਾ ਹੈ।

ਸਾਹਿਤ ਦਾ ਰਚਨਾਕਾਰ ਸਮਾਜ ਵਿਚੋਂ ਹੀ ਹੁੰਦਾ ਹੈ ਅਤੇ ਰਚਨਾ ਲਈ ਸਮੱਗਰੀ ਸਮਾਜ ਵਿਚੋਂ ਹੀ ਇਕੱਠੀ ਕਰਦਾ ਹੈ ਅਤੇ ਸਮਾਜ ਲਈ ਹੀ ਲਿਖਦਾ ਹੈ। ਆਪਣੀ ਸਾਹਿਤਕਾਰੀ ਦੁਆਰਾ ਸਾਹਿਤਕਾਰ ਸਮਾਜ ਨੂੰ ਚੇਤਨ ਕਰਦਾ ਹੈ, ਸਹਜ ਅਨੰਦ ਪ੍ਰਦਾਨ ਕਰਦਾ ਹੈ ਅਤੇ ਉਨ੍ਹਾਂ ਦਾ ਮਨੋਰੰਜਨ ਕਰਦਾ ਹੈ। ਇਸ ਤੋਂ ਪੂਰਨ ਰੂਪ ਵਿਚ ਸਪਸ਼ਟ ਹੋ ਜਾਂਦਾ ਹੈ ਕਿ ਸਮਾਜ ਤੇ ਸਾਹਿਤ ਦਾ ਰਿਸ਼ਤਾ ਅਨਿੱਖੜ ਅਤੇ ਡੂੰਘਾ ਹੈ।

## ਪੁਸਤਕ ਸੂਚੀ

1. ਸਾਹਿਤ ਵਿਧਾਨ, ਡਾ. ਸੁਖਵਿੰਦਰ ਸਿੰਘ
2. ਸਮਾਲੋਚਨਾ ਸ਼ਾਸਤਰ, ਪ੍ਰੇਮ ਪ੍ਰਕਾਸ਼ (ਪ੍ਰੋ:)
3. ਸਾਹਿਤ ਸ਼ਾਸਤਰ, ਹਰਭਜਨ ਸਿੰਘ
4. ਸਾਹਿਤ ਕੋਸ਼, ਡਾ. ਰਤਨ ਸਿੰਘ ਜੱਗੀ
5. 'ਪੰਜਾਬੀ ਅਧਿਐਨ ਤੇ ਅਧਿਆਪਨ' ਬਦਲਦੇ ਪਰਿਪੇਖ (ਜੀਤ ਸਿੰਘ ਜੋਸ਼ੀ)